## ਅਗਲੇ ਕਦਮ

1. 9 ਨਵੰਬਰ ਅਤੇ 7 ਦਸੰਬਰ 2023 ਦੇ ਵਿਚਕਾਰ, ਐਡੀਲੇਡ ਫੁੱਟਬਾਲ ਕਲੱਬ ਦੁਆਰਾ Thebarton Oval Precinct ਦੇ ਮਾਸਟਰ ਪਲਾਨ 'ਤੇ ਕਾਉਂਸਿਲ ਫੀਡਬੈਕ ਮੰਗਦਾ ਹੈ।

↓

2. ਮਾਸਟਰ ਪਲਾਨ ਅਤੇ ਜਨਤਕ ਸਲਾਹ-ਮਸ਼ਵਰੇ ਦੁਆਰਾ ਪ੍ਰਾਪਤ ਹੋਏ ਜਵਾਬਾਂ 'ਤੇ ਚੁਣੀ ਹੋਈ ਕੌਂਸਲ ਦੁਆਰਾ ਵਿਚਾਰ ਕੀਤਾ ਜਾਵੇਗਾ, ਜੋ ਇਹ ਫੈਸਲਾ ਕਰੇਗੀ ਕਿ ਜੇਕਰ Thebarton Oval Precinct ਐਡੀਲੇਡ ਫੁੱਟਬਾਲ ਕਲੱਬ ਨੂੰ ਲੀਜ਼ 'ਤੇ ਦਿੱਤਾ ਜਾਵੇ ਜਾਂ ਨਹੀਂ।

↓

3. ਜੇਕਰ ਕਾਉਂਸਿਲ ਅਤੇ ਐਡੀਲੇਡ ਫੁੱਟਬਾਲ ਕਲੱਬ ਵਿਚਕਾਰ ਲੀਜ਼ ਸਮਝੌਤਾ ਅੱਗੇ ਵਧਦਾ ਹੈ, ਤਾਂ ਪਰਿਵੇਸ਼ ਦੇ ਭਵਿੱਖ ਦੀ ਵਰਤੋਂ ਅਤੇ ਵਿਕਾਸ ਲਈ ਵਿਕਾਸ ਅਰਜ਼ੀ ਦਾਇਰ ਕਰਨ ਅਤੇ ਸੰਬੰਧਿਤ ਯੋਜਨਾ ਅਥਾਰਟੀ ਦੁਆਰਾ ਮੁਲਾਂਕਣ ਕਰਨ ਦੀ ਲੋੜ ਹੋਵੇਗੀ।

## ਸ਼ਾਮਲ ਕਿਵੇਂ ਹੋਣਾ ਹੈ

### Online ਔਨਲਾਈਨ

ਤੱਥ ਸ਼ੀਟਾਂ, ਯੋਜਨਾਵਾਂ ਅਤੇ ਦਸਤਾਵੇਜ਼ਾਂ ਨੂੰ ਦੇਖਣ ਲਈ, ਅਤੇ ਇੱਕ ਔਨਲਾਈਨ ਫੀਡਬੈਕ ਫਾਰਮ ਭਰਨ ਲਈ, **yoursay.westtorrens.sa.gov.au/thebartonoval** 'ਤੇ ਜਾਓ

### ਵਿਅਕਤੀਗਤ ਰੂਪ ਵਿੱਚ

ਆਮ ਖੁੱਲਣ ਦੇ ਸਮੇਂ ਦੌਰਾਨ ਡਿਸਪਲੇ 'ਤੇ ਜਾਓ:

- Thebarton Community Centre, corner South Road and Ashwin Parade, Torrensville.
- Hamra Centre Library, 1 Brooker Terrace, Hilton.
- City of West Torrens Civic Centre, 165 Sir Donald Bradman Drive, Hilton.

## ਆਪਣੀ ਫੀਡਬੈਕ ਕਿਵੇਂ ਦੇਣੀ ਹੈ

### ਔਨਲਾਈਨ

ਆਪਣੀ ਗੱਲ ਰੱਖਣ ਲਈ ਰਜਿਸਟਰ ਕਰਨ ਅਤੇ ਔਨਲਾਈਨ ਫੀਡਬੈਕ ਫਾਰਮ ਨੂੰ ਭਰਨ ਲਈ, **yoursay.westtorrens.sa.gov.au/thebartonoval** 'ਤੇ ਜਾਓ।

### ਈਮੇਲ

ਲਿਖਤੀ ਸਬਮਿਸ਼ਨ ਤਿਆਰ ਕਰੋ ਜਾਂ ਫੀਡਬੈਕ ਫਾਰਮ ਨੂੰ ਡਾਉਨਲੋਡ ਕਰੋ ਅਤੇ ਭਰੋ ਅਤੇ ਆਪਣੀ ਸਬਮਿਸ਼ਨ ਨੂੰ **yoursay@wtcc.sa.gov.au** 'ਤੇ 'Thebarton Oval Precinct' ਵਿਸ਼ੇ ਦੇ ਨਾਲ ਈਮੇਲ ਕਰੋ।

### ਪੋਸਟ

ਲਿਖਤੀ ਸਬਮਿਸ਼ਨ ਤਿਆਰ ਕਰੋ ਜਾਂ ਫੀਡਬੈਕ ਫਾਰਮ ਨੂੰ ਡਾਉਨਲੋਡ ਕਰੋ ਅਤੇ ਭਰੋ ਅਤੇ ਹੇਠਾਂ ਦੱਸੇ ਪਤੇ 'ਤੇ ਪੋਸਟ ਕਰੋ:

Thebarton Oval Precinct
City of West Torrens
165 Sir Donald Bradman Drive
Hilton SA 5033

### ਵਿਅਕਤੀਗਤ ਰੂਪ ਵਿੱਚ

ਯੋਜਨਾਵਾਂ ਵੇਖਣ ਅਤੇ ਜਾਣਕਾਰੀ ਲਈ ਡ੍ਰੌਪ ਇਨ ਸੈਸ਼ਨ (ਵੇਰਵੇ ਹੇਠਾਂ ਦਿੱਤੇ ਗਏ ਹਨ) ਵਿੱਚ ਸ਼ਾਮਲ ਹੋਵੋ ਅਤੇ ਔਨਲਾਈਨ ਜਾਂ ਪੇਪਰ ਫੀਡਬੈਕ ਫਾਰਮ ਨੂੰ ਭਰਨ ਵਿੱਚ ਸਹਾਇਤਾ ਪ੍ਰਾਪਤ ਕਰੋ:

| ਕਿੱਥੇ | ਕਦੋਂ |
|---|---|
| Thebarton Community Centre, corner South Road and Ashwin Parade, Torrensville. | ਮੰਗਲਵਾਰ 14 ਨਵੰਬਰ, ਸਵੇਰੇ 11 ਵਜੇ - ਦੁਪਹਿਰ 1 ਵਜੇ।<br>ਮੰਗਲਵਾਰ 14 ਨਵੰਬਰ, ਸ਼ਾਮ 6 ਵਜੇ - ਸ਼ਾਮ 8 ਵਜੇ।<br>ਐਤਵਾਰ 26 ਨਵੰਬਰ, ਸਵੇਰੇ 10 ਵਜੇ - ਦੁਪਹਿਰ 1 ਵਜੇ। |
| Hamra Centre Library Auditorium 1 Brooker Terrace, Hilton. | ਬੁੱਧਵਾਰ 29 ਨਵੰਬਰ, ਸਵੇਰੇ 11 ਵਜੇ - ਦੁਪਹਿਰ 1 ਵਜੇ।<br>ਬੁੱਧਵਾਰ 29 ਨਵੰਬਰ, ਸ਼ਾਮ 6 ਵਜੇ - ਸ਼ਾਮ 8 ਵਜੇ। |

ਜੇਕਰ ਤੁਹਾਨੂੰ ਆਪਣਾ ਫੀਡਬੈਕ ਦੇਣ ਲਈ ਸਹਾਇਤਾ ਦੀ ਲੋੜ ਹੈ, ਤਾਂ ਕਾਰੋਬਾਰੀ ਸਮੇਂ ਦੌਰਾਨ ਕੌਂਸਲ ਨੂੰ 8416 6333 'ਤੇ ਫ਼ੋਨ ਕਰੋ।

ਆਪਣੀ ਗੱਲ ਰੱਖਣ ਲਈ ...

**ਵੀਰਵਾਰ 7 ਦਸੰਬਰ 2023 ਸ਼ਾਮ 5 ਵਜੇ ਤੱਕ ਆਪਣਾ ਫੀਡਬੈਕ ਦਿਓ**

yoursay.westtorrens.sa.gov.au/thebartonoval

ਫੋਨ: 8416 6333 / ਈਮੇਲ: yoursay@wtcc.sa.gov.au

Punjabi
ਪੰਜਾਬੀ

# Thebarton Oval Precinct

## ਤੱਥ ਸ਼ੀਟ #1: ਮਾਸਟਰ ਪਲਾਨ ਦੀ ਸੰਖੇਪ ਜਾਣਕਾਰੀ

ਨਵੰਬਰ 2023

**Thebarton Oval Precinct, Torrensville ਵਿਖੇ ਕੌਂਸਲ ਦੀ ਮਲਕੀਅਤ ਵਾਲੀ ਜ਼ਮੀਨ 'ਤੇ ਐਡੀਲੇਡ ਫੁੱਟਬਾਲ ਕਲੱਬ ਨਵੇਂ ਹੈੱਡਕੁਆਰਟਰ ਸਥਾਪਤ ਕਰਨਾ ਚਾਹੁੰਦਾ ਹੈ।**

**ਸਾਈਟ ਲਈ ਕਲੱਬ ਦੁਆਰਾ ਬਣਾਏ ਗਏ ਮਾਸਟਰ ਪਲਾਨ 'ਤੇ ਕਮਿਊਨਿਟੀ ਫੀਡਬੈਕ 'ਤੇ ਵਿਚਾਰ ਕਰਨ ਤੋਂ ਬਾਅਦ ਕੌਂਸਲ ਇਹ ਫੈਸਲਾ ਕਰੇਗੀ ਕਿ ਕਲੱਬ ਨੂੰ ਜ਼ਮੀਨ ਲੀਜ਼ 'ਤੇ ਦਿੱਤੀ ਜਾਵੇ ਜਾਂ ਨਹੀਂ।**

**ਇਹ ਤੱਥ ਸ਼ੀਟ ਉਸ ਲੜੀ ਵਿੱਚੋਂ ਇੱਕ ਹੈ ਜੋ ਇਹ ਦੱਸਦੀ ਹੈ ਕਿ ਮਾਸਟਰ ਪਲਾਨ ਕਮਿਊਨਿਟੀ ਹਿੱਤ ਦੇ ਮੁੱਖ ਮੁੱਦਿਆਂ 'ਤੇ ਕਿਵੇਂ ਧਿਆਨ ਦਿੰਦਾ ਹੈ।**

**ਲੜੀ ਵਿੱਚ ਹੋਰ ਤੱਥ ਸ਼ੀਟਾਂ ਹੇਠਾਂ ਲਿਖਿਆਂ ਗੱਲਾਂ ਨਾਲ ਸਬੰਧਤ ਹਨ:**

- **ਰੁੱਖ**
- **ਖੁੱਲ੍ਹੀ ਥਾਂ ਤੱਕ ਜਨਤਕ ਪਹੁੰਚ**
- **ਟ੍ਰੈਫਿਕ ਅਤੇ ਕਾਰ ਪਾਰਕਿੰਗ**
- **ਕਮਿਊਨਿਟੀ ਅਤੇ ਆਰਥਿਕ ਲਾਭ**
- **ਸਥਾਨਕ ਪ੍ਰਭਾਵ।**

## ਵਰਤਮਾਨ ਵਰਤੋਂ

Thebarton Oval Precinct, ਸਿਟੀ ਆਫ਼ ਵੈਸਟ ਟੋਰੇਨਸ (City of West Torrens) ਦੀ ਮਲਕੀਅਤ ਵਾਲੀ ਜ਼ਮੀਨ ਹੈ ਅਤੇ ਇਸ ਵਿੱਚ Thebarton Oval ਅਤੇ Kings Reserve ਦੋਵੇਂ ਹੀ ਸ਼ਾਮਲ ਹਨ।

ਵਰਤਮਾਨ ਵਿੱਚ, ਪਰਿਵੇਸ਼ (Precinct), ਕਾਉਂਸਿਲ ਦੁਆਰਾ ਪ੍ਰਬੰਧਿਤ ਜਨਤਕ ਖੁੱਲੀ ਥਾਂ ਦਾ ਸੁਮੇਲ ਹੈ, ਅਤੇ ਕਮਿਊਨਿਟੀ ਅਤੇ ਸਪੋਰਟਸ ਸੁਵਿਧਾਵਾਂ, ਸਾਊਥ ਆਸਟ੍ਰੇਲੀਅਨ ਨੈਸ਼ਨਲ ਫੁੱਟਬਾਲ ਲੀਗ ਨੂੰ ਲੀਜ਼ 'ਤੇ ਦਿੱਤੀਆਂ ਗਈਆਂ ਹਨ ਅਤੇ ਕਮਿਊਨਿਟੀ ਖੇਡਾਂ ਅਤੇ ਮਨੋਰੰਜਨ ਸਮੂਹਾਂ ਦੁਆਰਾ ਵਰਤੀਆਂ ਜਾਂਦੀਆਂ ਹਨ।.

ਪਰਿਵੇਸ਼ ਦੇ ਨਾਲ ਲੱਗਦੀ South Road ਦਾ ਇੱਕ ਹਿੱਸਾ ਹਾਲ ਹੀ ਵਿੱਚ River Torrens ਤੋਂ Darlington ਮੋਟਰਵੇ ਪ੍ਰੋਜੈਕਟ ਲਈ ਰਾਜ ਸਰਕਾਰ ਦੁਆਰਾ ਕੌਂਸਲ ਤੋਂ ਹਾਸਲ ਕੀਤਾ ਗਿਆ ਹੈ।

## ਐਡੀਲੇਡ ਫੁੱਟਬਾਲ ਕਲੱਬ ਲੀਜ਼

2022 ਵਿੱਚ, ਐਡੀਲੇਡ ਫੁੱਟਬਾਲ ਕਲੱਬ ਨੇ 42 ਸਾਲਾਂ ਦੀ ਮਿਆਦ ਦੀ ਇੱਕ ਲੰਮੀ ਲੀਜ਼ ਵਿੱਚ ਦਾਖਲ ਹੋਣ ਲਈ City of West Torrens ਨਾਲ ਸੰਪਰਕ ਕੀਤਾ।

ਲੀਜ਼ ਦੀ ਸੰਭਾਵਨਾ ਉੱਤੇ ਕੌਂਸਲ ਦੁਆਰਾ ਕੀਤੇ ਗਏ ਜਨਤਕ ਸਲਾਹ-ਮਸ਼ਵਰੇ ਨੇ ਕਮਿਊਨਿਟੀ ਦੇ ਜ਼ੋਰਦਾਰ ਵਿਚਾਰ ਪ੍ਰਗਟ ਕੀਤੇ।

ਪਰਿਵੇਸ਼ ਦੇ ਭਵਿੱਖ ਵਿੱਚ ਕਮਿਊਨਿਟੀ ਹਿੱਤਾਂ ਦੇ ਜਵਾਬ ਲਈ, ਇੱਕ ਸਲਾਹਕਾਰ ਸਮੂਹ ਦੀ ਸਥਾਪਨਾ ਕੀਤੀ ਗਈ, ਜਿਸ ਵਿੱਚ ਕੌਂਸਲ ਦੇ ਚੁਣੇ ਹੋਏ ਮੈਂਬਰ ਅਤੇ ਸਟਾਫ਼, ਸਥਾਨਕ ਕਮਿਊਨਿਟੀ ਅਤੇ Kaurna ਫਸਟ ਨੇਸ਼ਨਜ਼ ਦੇ ਨੁਮਾਇੰਦੇ, ਅਤੇ ਐਡੀਲੇਡ ਫੁੱਟਬਾਲ ਕਲੱਬ ਦੇ ਨੁਮਾਇੰਦਿਆਂ ਨੂੰ ਸ਼ਾਮਲ ਕੀਤਾ ਗਿਆ।

2023 ਵਿੱਚ, ਇਸ ਸਮੂਹ ਨੂੰ ਨਿਮਨ ਸਹਿਮਤੀ ਵਾਲੇ ਡਿਜ਼ਾਈਨ ਉਦੇਸ਼ਾਂ ਦੁਆਰਾ ਬਣਾਏ ਗਏ ਮਾਸਟਰ ਪਲਾਨ ਦੇ ਸਰੂਪ ਵਿੱਚ ਮਦਦ ਕਰਨ ਲਈ ਬੁਲਾਇਆ ਗਿਆ:

- ਕਾਉਂਸਿਲ ਦੁਆਰਾ ਬਣਾਏ ਗਏ 2018 Kings Reserve ਦੇ ਮਾਸਟਰ ਪਲਾਨ ਦੇ ਤੱਤ ਸ਼ਾਮਲ ਕਰਨਾ।
- ਮਹੱਤਵਪੂਰਨ ਅਤੇ ਨਿਯੰਤ੍ਰਿਤ ਰੁੱਖਾਂ ਨੂੰ ਘੱਟ ਤੋਂ ਘੱਟ ਹਟਾਉਣਾ ਅਤੇ ਹਟਾਏ ਗਏ ਕਿਸੇ ਵੀ ਰੁੱਖ ਦੀ ਥਾਂ ਤੇ 3 ਨਵੇਂ ਰੁੱਖ ਲਗਾਉਣਾ।
- ਦਿਨ ਦੀ ਰੋਸ਼ਨੀ ਵੇਲੇ, Kings Reserve ਅਤੇ Thebarton Oval ਤੱਕ ਜਨਤਕ ਪਹੁੰਚ ਨੂੰ ਵੱਧ ਤੋਂ ਵੱਧ ਕਰਨਾ।
- ਦਿਨ ਦੀ ਰੋਸ਼ਨੀ ਵੇਲੇ, ਐਡੀਲੇਡ ਫੁੱਟਬਾਲ ਕਲੱਬ ਦੁਆਰਾ ਇੱਕੋ ਸਮੇਂ ਤੇ ਦੋਵਾਂ ਓਵਲ ਦੀ ਵਰਤੋਂ ਨੂੰ ਘੱਟ ਤੋਂ ਘੱਟ ਕਰਨਾ।
- Kings Reserve 'ਤੇ ਕਾਉਂਸਿਲ ਕਮਿਊਨਿਟੀ ਸਮਾਗਮਾਂ ਅਤੇ ਤਿਉਹਾਰਾਂ ਨੂੰ ਜਾਰੀ ਰੱਖਣਾ।
- ਜਨਤਕ ਪਹੁੰਚ ਦੇ ਸਮੇਂ, Kings Reserve 'ਤੇ ਕੁੱਤਿਆਂ ਨੂੰ ਲਿਆਉਣ ਅਤੇ ਕੁੱਤਿਆਂ ਨੂੰ ਸੈਰ ਕਰਾਉਣ 'ਤੇ ਕਿਸੀ ਵੀ ਪਾਬੰਦੀ ਦਾ ਨਾ ਹੋਣਾ।
- ਬਾਹਰਲੇ ਖੇਡਾਂ ਦੇ ਮੈਦਾਨਾਂ 'ਤੇ ਕੋਈ ਨਕਲੀ ਘਾਹ ਦੀ ਵਰਤੋਂ ਨਹੀਂ ਕਰਨਾ।
- ਆਲੇ-ਦੁਆਲੇ ਦੀਆਂ ਰਿਹਾਇਸ਼ੀ ਗਲੀਆਂ ਤੋਂ ਪਰਿਵੇਸ਼ ਤੱਕ ਗੱਡੀ ਦੀ ਪਹੁੰਚ ਨੂੰ ਘੱਟ ਤੋਂ ਘੱਟ ਕਰਨਾ।
- ਜਨਤਕ ਕਾਰ ਪਾਰਕਿੰਗ ਲਈ ਯੋਜਨਾ ਸੰਬੰਧੀ ਲੋੜਾਂ ਨੂੰ ਪੂਰਾ ਕਰਨਾ ਅਤੇ ਪਾਰਕਿੰਗ ਨੂੰ ਮੁਫ਼ਤ ਰੱਖਣਾ ਅਤੇ ਖੇਡ ਦੇ ਦਿਨਾਂ ਤੋਂ ਇਲਾਵਾ ਨਿਵਾਸੀਆਂ ਲਈ ਇਸਨੂੰ ਉਪਲਬਧ ਬਣਾਉਣਾ।
- ਖੇਡ ਦੇ ਦਿਨਾਂ ਲਈ, ਅਸਥਾਈ ਪਾਰਕਿੰਗ ਪ੍ਰਬੰਧਾਂ ਦੇ ਨਾਲ ਐਡੀਲੇਡ ਫੁੱਟਬਾਲ ਕਲੱਬ ਦੀ ਸਾਰੀ ਕਾਰਪੋਰੇਟ ਕਾਰ ਪਾਰਕਿੰਗ ਨੂੰ ਵਿਕਾਸ ਦੇ ਹਿੱਸੇ ਵਜੋਂ ਪ੍ਰਦਾਨ ਕਰਨਾ।
- ਜਿੱਥੇ ਵੀ ਸੰਭਵ ਹੋਵੇ, ਮੌਜੂਦਾ ਸੁਵਿਧਾਵਾਂ ਨੂੰ ਢਾਹ ਜਾਂ ਬੰਦ ਕੀਤੇ ਜਾਣ ਤੋਂ ਪਹਿਲਾਂ ਬਦਲੀਆਂ ਜਾਣ ਵਾਲੀਆਂ ਕਮਿਊਨਿਟੀ ਸਹੂਲਤਾਂ ਨੂੰ ਬਨਾਉਣਾ ਅਤੇ ਖੋਲ੍ਹਣਾ।
- ਐਡੀਲੇਡ ਫੁੱਟਬਾਲ ਕਲੱਬ ਤੋਂ ਸੁਤੰਤਰ, ਕਿਸੇ ਵੀ ਨਵੇਂ ਕਮਿਊਨਿਟੀ ਸੈਂਟਰ 'ਤੇ ਕੌਂਸਲ ਦਾ ਨਿਯੰਤ੍ਰਣ ਹੋਣਾ।

ਨਤੀਜਣ ਮਾਸਟਰ ਪਲਾਨ ਇਹ ਦਰਸਾਉਂਦਾ ਹੈ ਕਿ ਜੇਕਰ ਐਡੀਲੇਡ ਫੁੱਟਬਾਲ ਕਲੱਬ ਨੂੰ ਲੀਜ਼ ਦਿੱਤੀ ਜਾਂਦੀ ਹੈ ਤਾਂ ਪਰਿਵੇਸ਼ ਕਿਵੇਂ ਵਿਕਸਤ ਕੀਤਾ ਜਾਵੇਗਾ ਅਤੇ ਇਹ ਹੁਣ ਜਨਤਕ ਫੀਡਬੈਕ ਲਈ ਉਪਲਬਧ ਹੈ।

**9 ਨਵੰਬਰ ਤੋਂ 7 ਦਸੰਬਰ 2023 ਤੱਕ ਸਲਾਹ-ਮਸ਼ਵਰਾ ਖੁੱਲ੍ਹਾ ਹੈ**

yoursay.westtorrens.sa.gov.au/thebartonoval

City of West Torrens
Between the City and the Sea

## 9 ਨਵੰਬਰ ਤੋਂ 7 ਦਸੰਬਰ 2023 ਤੱਕ ਸਲਾਹ-ਮਸ਼ਵਰਾ ਖੁੱਲ੍ਹਾ ਹੈ

yoursay.westtorrens.sa.gov.au/thebartonoval

City of West Torrens

Between the City and the Sea




1. **Thebarton Oval:** ਪੂਰੇ ਆਕਾਰ ਦਾ AFL ਓਵਲ ਜਿਸਨੂੰ ਐਡੀਲੇਡ ਫੁੱਟਬਾਲ ਕਲੱਬ ਅਤੇ ਕਮਿਊਨਿਟੀ ਵਰਤੋਂ ਲਈ ਸਾਂਝੇ ਤੌਰ ਤੇ ਇਸਤੇਮਾਲ ਕੀਤਾ ਜਾਂਦਾ ਹੈ।.
2. **Kings Reserve Oval:** ਐਡੀਲੇਡ ਫੁੱਟਬਾਲ ਕਲੱਬ ਅਤੇ ਕਮਿਊਨਿਟੀ ਵਰਤੋਂ ਦੇ ਸਾਂਝੇ ਇਸਤੇਮਾਲ ਲਈ ਟ੍ਰੇਨਿੰਗ ਓਵਲ, ਖੇਡ ਦੇ ਦਿਨਾਂ ‘ਤੇ 425 ਅਸਥਾਈ ਕਾਰ ਪਾਰਕਿੰਗ ਥਾਵਾਂ ਲਈ ਵਰਤਿਆ ਜਾਂਦਾ ਹੈ।
3. **ਕਿੰਗਜ਼ ਰਿਜ਼ਰਵ ਕਮਿਊਨਿਟੀ ਥਾਂ:** ਐਡੀਲੇਡ ਫੁੱਟਬਾਲ ਕਲੱਬ ਦੀ ਲੀਜ਼ ਤੋਂ ਬਾਹਰ, ਇਹ ਖੇਤਰ ਕਮਿਊਨਿਟੀ ਵਰਤੋਂ ਲਈ ਸਮਰਪਿਤ ਰਹੇਗਾ। ਨਵੇਂ ਬਣੇ ਕਿੰਗਜ਼ ਰਿਜ਼ਰਵ ਕਮਿਊਨਿਟੀ ਰੈਫਰੈਂਸ ਗਰੁੱਪ ਦੇ ਵਾਧੂ ਸੁਜਾਅ ਦੇ ਨਾਲ ਖੇਤਰ ਨੂੰ ਅਪਗ੍ਰੇਡ ਕਰਨ ਲਈ 2018 ਤੋਂ ਲਾਗੂ ਯੋਜਨਾਵਾਂ ਨੂੰ ਹੋਰ ਅੱਗੇ ਵਧਾਉਣ ਦੀ ਯੋਜਨਾ ਹੈ।
4. **ਟ੍ਰੇਨਿੰਗ ਅਤੇ ਪ੍ਰਸ਼ਾਸਨ ਦੀ ਸਹੂਲਤ:** ਐਡੀਲੇਡ ਫੁੱਟਬਾਲ ਕਲੱਬ ਦਾ ਹੈੱਡਕੁਆਰਟਰ ਜਿਸ ਵਿੱਚ ਇਨਡੋਰ ਅਤੇ ਜਲ ਸੰਬੰਧੀ ਟ੍ਰੇਨਿੰਗ ਸਹੂਲਤਾਂ, ਦਫ਼ਤਰ, ਪ੍ਰਚੂਨ ਦੁਕਾਨ, ਕੈਫੇ, ਫੰਕਸ਼ਨ ਸਪੇਸ, ਅਤੇ ਮਿਊਜ਼ੀਅਮ ਸ਼ਾਮਲ ਹਨ।

   ਇਮਾਰਤ ਵਿੱਚ 1-ਮੰਜ਼ਲਾ, 2-ਮੰਜ਼ਲਾ ਅਤੇ 3-ਮੰਜ਼ਲਾ ਉਚਾਈ ਵਾਲੇ ਹਿੱਸੇ ਸ਼ਾਮਲ ਹਨ।
5. **ਸਥਾਨਕ ਵਿਰਾਸਤ ਗ੍ਰੈਂਡਸਟੈਂਡ:** ਬਰਕਰਾਰ ਰੱਖਿਆ ਗਿਆ ਅਤੇ ਨਵੀਨੀਕਰਨ ਕੀਤਾ ਗਿਆ।
6. **ਸਟੇਟ ਹੈਰੀਟੇਜ ਟਿਕਟ ਬੂਥ/ਗੇਟ:** ਬਰਕਰਾਰ ਰੱਖਿਆ ਗਿਆ ਅਤੇ ਨਵੀਨੀਕਰਨ ਕੀਤਾ ਗਿਆ।
7. **ਐਡੀਲੇਡ ਫੁੱਟਬਾਲ ਕਲੱਬ ਕਾਰ ਪਾਰਕਿੰਗ:** ਕਲੱਬ ਦੀ ਵਰਤੋਂ ਲਈ ਕੁੱਲ 160 ਪਾਰਕਿੰਗ ਥਾਂਵਾਂ, South Road ਰਾਹੀਂ ਪਹੁੰਚਯੋਗ 136 ਥਾਂਵਾਂ, ਅਤੇ Ashley Street ਰਾਹੀਂ ਪਹੁੰਚਯੋਗ 24 ਥਾਂਵਾਂ।
8. **ਪਬਲਿਕ ਕਾਰ ਪਾਰਕਿੰਗ:** ਕੁੱਲ 91 ਪਾਰਕਿੰਗ ਥਾਵਾਂ ਜਨਤਾ ਲਈ ਖੁੱਲ੍ਹੀਆਂ ਹਨ, South Road ਰਾਹੀਂ ਪਹੁੰਚਯੋਗ 50 ਥਾਂਵਾਂ, ਅਤੇ Ashley Street ਰਾਹੀਂ ਪਹੁੰਚਯੋਗ 41 ਥਾਂਵਾਂ।
9. **ਪਬਲਿਕ ਐਂਟਰੀ ਪਲਾਜ਼ਾ** South Road ਰਾਹੀਂ ਪਹੁੰਚ।
10. **ਖੇਤਰ ਵੇਖਣ ਵਾਲੇ ਟਿੱਲੇ:** Ashley Street ਲਈ ਦਰਸ਼ਕਾਂ ਦੇ ਬੈਠਣ ਦੀ ਥਾਂ ਅਤੇ ਬਫਰ।
11. **ਚੇਂਜ ਰੂਮ ਅਤੇ ਪ੍ਰਸਾਰਣ:** ਇਮਾਰਤ ਵਿੱਚ 1-ਮੰਜ਼ਲਾ ਅਤੇ 2-ਮੰਜ਼ਲਾ ਹਿੱਸੇ ਸ਼ਾਮਲ ਹਨ।

ਜਦੋਂ ਵੀ ਦੋਵੇਂ ਓਵਲ ਐਡੀਲੇਡ ਫੁੱਟਬਾਲ ਕਲੱਬ ਦੁਆਰਾ ਜਾਂ ਕਿਸੇ ਨਿਯਤ ਇਵੈਂਟ ਲਈ ਵਰਤੋਂ ਵਿੱਚ ਨਹੀਂ ਹਨ ਤਾਂ ਜਨਤਕ ਵਰਤੋਂ ਲਈ ਉਪਲਬਧ ਹੋਣਗੇ।

ਐਡੀਲੇਡ ਫੁੱਟਬਾਲ ਕਲੱਬ ਇੱਕ ਕੈਲੰਡਰ ਸਾਲ ਵਿੱਚ ਔਸਤਨ, ਇਹਨਾਂ ਓਵਲਾਂ ਦੀ ਪ੍ਰਤੀ ਮਹੀਨਾ 100 ਘੰਟਿਆਂ ਤੋਂ ਵੱਧ ਨਾ ਹੋਣ ਵਾਲੀ ਵਿਸ਼ੇਸ਼ ਵਰਤੋਂ ਦਾ ਹੱਕਦਾਰ ਹੋਵੇਗਾ।

ਵਰਤੋਂ ਦਾ ਸਮਾਂ 6 ਮਹੀਨੇ ਪਹਿਲਾਂ ਹੀ ਨਿਰਧਾਰਿਤ ਕੀਤਾ ਜਾਵੇਗਾ, ਅਤੇ ਇਹ ਜਾਣਕਾਰੀ ਜਨਤਾ ਲਈ ਉਪਲਬਧ ਕਰਵਾਈ ਜਾਵੇਗੀ।

ਇਹ ਤੱਥ ਸ਼ੀਟ ਉਸ ਲੜੀ ਵਿੱਚੋਂ ਇੱਕ ਹੈ ਜੋ Thebarton Oval Precinct ਦੇ ਮਾਸਟਰ ਪਲਾਨ ਦੀ ਸੰਖੇਪ ਜਾਣਕਾਰੀ ਪ੍ਰਦਾਨ ਕਰਦੀ ਹੈ ਅਤੇ ਇਹ ਦੱਸਦੀ ਹੈ ਕਿ ਕਮਿਊਨਿਟੀ ਹਿੱਤ ਦੇ ਮੁੱਖ ਮੁੱਦਿਆਂ ਨੂੰ ਇਹ ਕਿਵੇਂ ਹੱਲ ਕਰਦੀ ਹੈ।

ਹੇਠਾਂ ਦਿੱਤੇ ਹਰੇਕ ਵਿਸ਼ੇ ‘ਤੇ ਵਧੇਰੇ ਵਿਸਤ੍ਰਿਤ ਤੱਥ ਸ਼ੀਟਾਂ ਲਈ **yoursay.westtorrens.sa.gov.au/thebartonoval** ‘ਤੇ ਪ੍ਰੋਜੈਕਟ ਪੇਜ ‘ਤੇ ਜਾਓ।:

- ਰੁੱਖ
- ਖੁੱਲ੍ਹੀ ਥਾਂ ਤੱਕ ਜਨਤਕ ਪਹੁੰਚ
- ਟ੍ਰੈਫਿਕ ਅਤੇ ਕਾਰ ਪਾਰਕਿੰਗ
- ਕਮਿਊਨਟੀ ਅਤੇ ਆਰਥਿਕ ਲਾਭ
- ਸਥਾਨਕ ਪ੍ਰਭਾਵ।

**ਲੇਜੇਂਡ**

- ਪ੍ਰਸਤਾਵਿਤ ਲੀਜ਼ ਸੀਮਾ
- R ਰੱਖੇ ਜਾਣ ਵਾਲੇ ਨਿਯੰਤ੍ਰਿਤ ਅਤੇ ਮਹੱਤਵਪੂਰਨ ਰੁੱਖ
- R ਹਟਾਏ ਜਾਣ ਵਾਲੇ ਨਿਯੰਤ੍ਰਿਤ ਅਤੇ ਮਹੱਤਵਪੂਰਨ ਰੁੱਖ
- River Torrens ਤੋਂ Darlington ਮੋਟਰਵੇਅ ਪ੍ਰੋਜੈਕਟ ਲਈ ਰਾਜ ਸਰਕਾਰ ਦੀ ਮਲਕੀਅਤ ਵਾਲੀ ਜ਼ਮੀਨ ਹਾਸਲ ਕੀਤੀ ਗਈ।

ਨੋਟ:

ਹਰੇਕ ਮਹੱਤਵਪੂਰਨ ਅਤੇ ਨਯਿੰਤ੍ਰਤਿ ਰੁੱਖ ਨੂੰ ਹਟਾਉਣ ਲਈ, 3 ਨਵੇਂ ਪਰਪਿੱਕ ਰੁੱਖ ਪ੍ਰਸਿੰਿਕਟ ‘ਤੇ ਲਗਾਏ ਜਾਣਗੇ।

ਮਹੱਤਵਪੂਰਨ ਅਤੇ ਨਯਿੰਤ੍ਰਤਿ ਰੁੱਖ ਉਹ ਰੁੱਖ ਹੁੰਦੇ ਹਨ ਜੋ ਸਟੇਟ ਯੋਜਨਾਬੰਦੀ ਕਾਨੂੰਨਾਂ ਅਧੀਨ ਸੁਰੱਖਿਆ ਲਈ ਕੁਝ ਮਾਪਦੰਡਾਂ ਨੂੰ ਪੂਰਾ ਕਰਦੇ ਹਨ। ਇਹਨਾਂ ਰੁੱਖਾਂ ਨੂੰ ਨੁਕਸਾਨ ਪਹੁੰਚਾਉਣ ਜਾਂ ਹਟਾਉਣ ਵਾਲੀਆਂ ਗਤੀਵਧਿੀਆਂ ਲਈ ਵਕਿਾਸ ਦੀ ਮੰਜੂਰਗੀ ਦੀ ਲੋੜ ਹੁੰਦੀ ਹੈ।